NHS
James Paget
University Hospitals
NHS Foundation Trust

# ਮਰੀਜ਼ ਲਈ ਇਸ਼ਤਿਹਾਰ

ਯੂਨਾਈਟਿਡ ਕਿੰਗਡਮ ਦੇ ਮੁਲਾਕਾਤੀ ਵੱਜੋਂ, ਤੁਹਾਨੂੰ ਆਪਣੇ NHS ਫੰਡ ਕੀਤੇ ਸੈਕੰਡਰੀ ਦੇਖਭਾਲ ਇਲਾਜ ਲਈ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ। ਇਹ ਨਾਗਰਿਕਤਾ, ਇੱਕ NHS ਨੰਬਰ ਹੋਣ ਜਾਂ ਜੀਪੀ GP ਵਿਚ ਰਜਿਸਟਰ ਹੋਣ, ਭਾਵੇਂ ਤੁਸੀਂ ਸਾਬਕਾ ਯੂਕੇ ਨਿਵਾਸੀ ਜਾਂ ਟੈਕਸ ਭੁਗਤਾਨਕਰਤਾ ਹੋ, ਦੀ ਪਰਵਾਹ ਕੀਤੇ ਬਿਨ੍ਹਾਂ ਲਾਗੂ ਹੁੰਦਾ। ਤੁਹਾਨੂੰ ਮਿਲਣ ਵਾਲੇ ਕਿਸੇ ਵੀ ਇਲਾਜ ਤੋਂ ਪਹਿਲਾਂ ਦਸਤਾਵੇਜ਼ੀ ਸਬੂਤ ਦੇ ਕੇ ਇਹ ਦਿਖਾਉਣਾ ਤੁਹਾਡੀ ਜ਼ੁੰਮੇਵਾਰੀ ਹੈ ਕਿ ਤੁਸੀਂ ਇਸ ਇਲਾਜ ਲਈ ਹੱਕਦਾਰ ਹੋ। ਇਹ ਸਬੂਤ ਇਹ ਦਰਸਾਉਂਦੇ ਹੋਣੇ ਚਾਹੀਦੇ ਹਨ ਕਿ:

i. ਤੁਸੀਂ ਇਮੀਗ੍ਰੇਸ਼ਨ ਹਾਊਸ ਸਰਚਾਰਜ ਦਾ ਭੁਗਤਾਨ ਕੀਤਾ ਹੋਇਆ ਹੈ ਅਤੇ ਤੁਹਾਡੇ ਕੋਲ ਇਲਾਜ ਦੀ ਮਿਆਦ ਨੂੰ ਕਵਰ ਕਰਦਾ ਵੈਧ ਵੀਜ਼ਾ ਹੈ;
ii. ਤੁਹਾਡੇ ਕੋਲ ਇੱਕ ਵੈਧ ਗੈਰਯੂਕੇ ਯੂਰੋਪੀਅਨ ਹੈਲਥ ਇੰਸ਼ੋਰੈਂਸ ਕਾਰਡ-, S1 ਜਾਂ S2 ਫਾਰਮ ਹੈ;
iii. ਤੁਸੀਂ ਇੱਕ ਹੋਰ ਛੋਟ ਸ਼੍ਰੇਣੀ ਦੇ ਅੰਦਰ ਆਉਂਦੇ ਹੋ, ਜੋ ਨਿਯਮਾਂ ਵਿੱਚ ਨਿਰਧਾਰਤ ਕੀਤੇ ਗਏ ਹਨ; ਜਾਂ,
iv. ਤੁਹਾਡੀ ਸਿਹਤ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ ਢੁਕਵਾਂ ਯਾਤਰਾ/ਸਿਹਤ ਬੀਮਾ ਹੈ।

ਜੇ ਤੁਸੀਂ ਸਮਝਦੇ ਹੋ ਕਿ ਤੁਸੀਂ ਯੂਕੇ ਦੇ ਸੈਲਾਨੀ ਨਹੀਂ ਹੋ ਅਤੇ ਪਰ ਆਮ ਨਾਗਰਿਕ ਦੇ ਤੌਰ ਤੇ ਇੱਥੇ ਰਹਿ ਰਹੇ ਹੋ, ਤਾਂ ਤੁਹਾਨੂੰ ਇਹ ਸਾਬਿਤ ਕਰਨ ਲਈ ਦਸਤਾਵੇਜ਼ੀ ਸਬੂਤ ਵੀ ਮੁਹੱਈਆ ਕਰਵਾਉਣੇ ਪੈ ਸਕਦੇ ਹਨ।

ਤੁਹਾਡੇ ਦਸਤਾਵੇਜ਼ੀ ਸਬੂਤ NHS ਫੰਡ ਕੀਤੇ ਸੈਕੰਡਰੀ ਦੇਖਭਾਲ ਇਲਾਜ ਲਈ ਤੁਹਾਡੀ ਯੋਗਤਾ ਨਿਰਧਾਰਤ ਕਰਨ ਲਈ ਵਰਤੇ ਜਾਣਗੇ। ਜੇ ਤੁਸੀਂ ਕਿਸੇ ਦਾਅਵੇ ਦੇ ਸਹਿਯੋਗ ਲਈ ਤਸੱਲੀਬਖ਼ਸ਼ ਸਬੂਤ ਪੇਸ਼ ਨਹੀਂ ਕਰਦੇ ਜਿਸ ਦੇ ਤੁਸੀਂ NHS ਫੰਡ ਕੀਤੇ ਸੈਕੰਡਰੀ ਦੇਖਭਾਲ ਇਲਾਜ ਲਈ ਹੱਕਦਾਰ ਹੋ, ਤਾਂ ਤੁਸੀਂ ਤੁਹਾਡੇ ਦੁਆਰਾ ਪ੍ਰਾਪਤ ਕੀਤੇ ਕਿਸੇ ਵੀ ਇਲਾਜ ਦੇ ਖਰਚ ਦੇ ਭੁਗਤਾਨ ਲਈ ਜ਼ਿੰਮੇਦਾਰ ਹੋਵੋਗੇ।

## EEA ਦੇਸ਼ਾਂ ਦੇ ਸੈਲਾਨੀਆਂ

ਜੇ ਤੁਸੀਂ ਯੂਰੋਪੀਅਨ ਈਕਨਾਮਿਕ ਏਰੀਆ (EEA) ਦੇ ਇੱਕ ਸੈਲਾਨੀ ਜਾਂ ਵਿਦਿਆਰਥੀ ਹੋ ਅਤੇ ਤੁਹਾਨੂੰ ਡਾਕਟਰੀ ਇਲਾਜ ਦੀ ਜ਼ਰੂਰਤ ਹੈ, ਤਾਂ ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਸਿਹਤ ਸੰਭਾਲ ਲਈ ਰਕਮ ਦਾ ਭੁਗਤਾਨ ਨਹੀਂ ਕਰਨਾ, ਤੁਹਾਨੂੰ ਵੈਧ ਗੈਰ-ਯੂਕੇ ਯੂਰੋਪੀਅਨ ਹੈਲਥ ਇਨਸ਼ੋਰੈਂਸ ਕਾਰਡ (EHIC) ਮੁਹੱਈਆ ਕਰਵਾਉਣ ਦੀ ਜ਼ਰੂਰਤ ਹੈ।
ਤੁਹਾਡਾ EHIC ਤੁਹਾਡੇ ਰਹਿਣ ਦੌਰਾਨ ਹਰ ਤਰ੍ਹਾਂ ਦੇ ਲੋੜੀਂਦੇ ਡਾਕਟਰੀ ਇਲਾਜ ਨੂੰ ਸ਼ਾਮਲ ਕਰੇਗਾ ਹਾਲਾਂਕਿ ਤੁਹਾਨੂੰ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਯੂਕੇ ਦਾ ਹੈਲਥਕੇਅਰ ਸਿਸਟਮ ਤੁਹਾਡੇ ਮੂਲ ਦੇਸ਼ ਤੋਂ ਵੱਖਰਾ ਹੋ ਸਕਦਾ ਹੈ ਅਤੇ ਇਸ ਲਈ ਤੁਹਾਡੇ EHIC ਵਿਚ ਉਹ ਸਾਰੀਆਂ ਚੀਜ਼ਾਂ ਸ਼ਾਮਲ ਨਹੀਂ ਹੋ ਸਕਦੀਆਂ ਜਿਹੜੀਆਂ ਤੁਸੀਂ ਆਪਣੇ ਦੇਸ਼ ਵਿਚ ਮੁਫਤ ਪ੍ਰਾਪਤ ਕਰਨ ਦੀ ਉਮੀਦ ਰੱਖਦੇ ਹੋ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ EHIC ਯਾਤਰਾ ਬੀਮਾ ਦਾ ਵਿਕਲਪ ਨਹੀਂ ਹੈ ਅਤੇ ਇਸ ਵਿਚ ਕਿਸੇ ਵੀ ਪ੍ਰਾਈਵੇਟ ਮੈਡੀਕਲ ਹੈਲਥਕੇਅਰ ਜਾਂ ਘਰ ਵਾਪਸੀ, ਜਾਂ ਗੁੰਮ ਜਾਂ ਚੋਰੀ ਹੋਈ ਜਾਇਦਾਦ ਨੂੰ ਕਵਰ ਨਹੀਂ ਕੀਤਾ ਜਾਏਗਾ। ਯੋਜਨਾਬੱਧ ਇਲਾਜ ਨੂੰ ਵੀ EHIC ਵਿਚ ਦੁਆਰਾ ਕਵਰ ਨਹੀਂ ਕੀਤਾ ਗਿਆ ਹੈ ਅਤੇ ਜਦੋਂ ਤੱਕ ਤੁਹਾਡੇ ਕੋਲ ਵੈਧ ਦਸਤਾਵੇਜ਼ (ਇੱਕ "S2" ਫਾਰਮ) ਨਹੀਂ ਹੈ ਤਾਂ ਤੁਹਾਨੂੰ ਇਲਾਜ ਲਈ ਖਰਚੇ ਦਾ ਭੁਗਤਾਨ ਕਰਨਾ ਪਵੇਗਾ।

## ਤੁਹਾਡੀ ਯੋਗਤਾ ਦਾ ਮੁਲਾਂਕਣ ਕਿਵੇਂ ਕੀਤਾ ਜਾ ਸਕਦਾ ਹੈ

ਯੂਕੇ ਵਿਚ NHS ਫੰਡਡ ਸੈਕੰਡਰੀ ਦੇਖਭਾਲ ਦੇ ਹਰੇਕ ਪ੍ਰਦਾਤਾ ਦੁਆਰਾ ਸਾਰੇ ਮਰੀਜ਼ਾਂ ਨੂੰ NHS ਫੰਡਡ ਇਲਾਜ ਲਈ ਉਨ੍ਹਾਂ ਦੀ ਯੋਗਤਾ ਦੀ ਜਾਂਚ ਕਰਨ ਦੀ ਜਰੂਰਤ ਹੈ। ਇਹ ਇਸਦਾ ਇਹ ਮੁਲਾਂਕਣ ਕਰਕੇ ਕੀਤਾ ਜਾਂਦਾ ਹੈ ਕਿ ਕੀ ਮਰੀਜ਼ ਆਮ ਤੌਰ ਤੇ ਯੂ.ਕੇ. ਵਿਚ ਨਿਵਾਸੀ ਹੈ ਜਾਂ ਜੇ ਨਹੀਂ, ਤਾਂ ਇਹ ਕਿ ਉਹਨਾਂ ਤੇ ਖਰਚੇ ਤੋਂ ਛੋਟ ਲਾਗੂ ਹੁੰਦੀ ਹੈ ਜਾਂ ਨਹੀਂ। ਇਸ ਲਈ ਤੁਹਾਨੂੰ NHS ਫੰਡਡ ਸੈਕੰਡਰੀ ਦੇਖਭਾਲ ਲਈ ਤੁਹਾਡੀ ਯੋਗਤਾ ਨੂੰ ਦਰਸਾਉਣ ਲਈ ਸਬੂਤ ਪ੍ਰਦਾਨ ਕਰਨ ਲਈ ਤਿਆਰ ਹੋਣਾ ਚਾਹੀਦਾ ਹੈ, ਜੋ ਹੇਠ ਲਿਖਿਆਂ ਦੀਆਂ ਕਾਪੀਆਂ ਮੁਹੱਈਆ ਕਰਵਾ ਕੇ ਕੀਤਾ ਜਾ ਸਕਦਾ ਹੈ:

i. ਤੁਹਾਡੀ ਫੋਟੋ ਨਾਲ ਘੱਟ ਤੋਂ ਘੱਟ ਇੱਕ ਚੀਜ਼ (ਪਾਸਪੋਰਟ/ਰਾਸ਼ਟਰੀ ID ਕਾਰਡ/ਯੂਕੇ ਬਾਇਓਮੈਟ੍ਰਿਕ ਰੈਜ਼ੀਡੈਂਸ ਪਰਮਿਟ/ਡ੍ਰਾਈਵਿੰਗ ਲਾਇਸੈਂਸ); ਅਤੇ
ii. ਘੱਟੋ ਘੱਟ ਇੱਕ ਚੀਜ਼ ਇਹ ਸਾਬਤ ਕਰਨ ਲਈ ਕਿ ਤੁਸੀਂ ਕਿੱਥੇ ਰਹਿੰਦੇ ਹੋ (ਯੂਟੀਲਿਟੀ ਜਾਂ ਕੌਂਸਲ ਟੈਕਸ ਬਿਲ; ਬੈਂਕ ਜਾਂ ਬਿਲਡਿੰਗ ਸੁਸਾਇਟੀ ਬਿਆਨ ਜਾਂ ਰੈਂਟਲ ਸਮਝੌਤਾ)।

ਹਾਲਾਂਕਿ ਤੁਸੀਂ ਇੱਕ ਜੀ.ਪੀ. ਨਾਲ ਰਜਿਸਟਰ ਹੋ ਸਕਦੇ ਹੋ ਅਤੇ ਮੁਫਤ NHS ਪ੍ਰਾਇਮਰੀ ਕੇਅਰ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ, ਇਸ ਦਾ ਇਹ ਮਤਲਬ ਨਹੀਂ ਹੈ ਕਿ ਤੁਸੀਂ NHS ਫੰਡਡ ਸੈਕੰਡਰੀ ਦੇਖਭਾਲ ਇਲਾਜ ਲਈ ਹੱਕਦਾਰ ਹੋ, ਭਾਵੇਂ ਕਿ ਜੀ.ਪੀ. ਤੁਹਾਨੂੰ ਇਸਦਾ ਹਵਾਲਾ ਦਿੰਦਾ ਹੈ

ਜੇ ਤੁਸੀਂ ਯੂਕੇ ਵਿਚ 6 ਮਹੀਨਿਆਂ ਤੋਂ ਵੱਧ ਸਮੇਂ ਲਈ ਅਸਥਾਈ ਤੌਰ ਤੇ ਰਹਿ ਰਹੇ ਹੋ ਅਤੇ ਤੁਸੀਂ ਆਪਣੀ ਵੀਜ਼ਾ ਅਰਜ਼ੀ ਦੇ ਸਮੇਂ ਇਮੀਗ੍ਰੇਸ਼ਨ ਹੈਲਥ ਸਰਚਾਰਜ ਦਾ ਭੁਗਤਾਨ ਕੀਤਾ ਹੈ, ਤਾਂ ਸਹਾਇਕ ਸੰਕਲਪ ਸੇਵਾਵਾਂ ਅਤੇ ਖਰਚਿਆਂ, ਜਿੰਨਾ ਦੀ ਵਸਨੀਕਾਂ ਨੂੰ ਅਦਾਇਗੀ ਕਰਨੀ ਪੈਂਦੀ ਹੈ, ਉਦਾਹਰਣ ਲਈ ਇੰਗਲੈਂਡ ਵਿਚ ਨੁਸਖਿਆਂ, ਨੂੰ ਛੱਡ ਕੇ ਤੁਸੀਂ ਮੁਫਤ NHS ਦੇਖਭਾਲ ਪ੍ਰਾਪਤ ਕਰ ਸਕਦੇ ਹੋ ਜਦੋਂ ਤੱਕ ਰਹਿਣ ਦੀ ਤੁਹਾਡੀ ਛੁੱਟੀ ਪ੍ਰਮਾਣਿਤ ਹੈ।

ਜੇ ਤੁਸੀਂ ਯੂਕੇ ਦੇ ਨਿਵਾਸੀ ਨਹੀਂ ਹੋ ਪਰ ਤੁਹਾਨੂੰ ਭੁਗਤਾਨ ਤੋਂ ਛੋਟ ਮਿਲੀ ਹੈ, ਜਿਵੇਂ ਕਿ ਤੁਸੀਂ ਇੱਕ ਅਜਿਹੇ ਦੇਸ਼ ਤੋਂ ਹੋ ਜੋ ਕਿ ਯੂਕੇ ਦੇ ਨਾਲ ਪਰਸਪਰ ਹੈਲਥਕੇਅਰ ਸਮਝੌਤੇ ਵਿਚ ਹੈ, ਜਿਵੇਂ ਕਿ ਆਸਟ੍ਰੇਲੀਆ, ਤੁਹਾਨੂੰ ਇਸਦਾ ਸਬੂਤ ਮੁਹੱਈਆ ਕਰਵਾਉਣਾ ਪਵੇਗਾ।

## ਸਭ ਲਈ ਮੁਫ਼ਤ ਸੇਵਾਵਾਂ

NHS ਹਸਪਤਾਲ ਵਿਚ ਦਿੱਤੀਆਂ ਜਾਂਦੀਆਂ ਕੁਝ ਸੇਵਾਵਾਂ ਜਾਂ ਇਲਾਜ ਸਾਰੇ ਲੋਕਾਂ ਲਈ ਮੁਫ਼ਤ ਹਨ ਇਨ੍ਹਾਂ ਵਿਚ ਹੇਠ ਲਿਖੇ ਸ਼ਾਮਲ ਹਨ:

- ਦੁਰਘਟਨਾ ਅਤੇ ਐਮਰਜੈਂਸੀ ਸੇਵਾਵਾਂ (ਐਮਰਜੈਂਸੀ ਇਲਾਜ ਸ਼ਾਮਲ ਨਹੀਂ ਹੈ ਜੇ ਤੁਸੀਂ ਹਸਪਤਾਲ ਵਿਚ ਦਾਖ਼ਲ ਹੋ);
- ਪਰਿਵਾਰ ਨਿਯੋਜਨ ਸੇਵਾਵਾਂ (ਇਸ ਵਿਚ ਗਰਭਪਾਤ ਸ਼ਾਮਲ ਨਹੀਂ ਹੈ);
- ਨਿਦਾਨ ਅਤੇ, ਜੇ ਪਾਜ਼ਟਿਵ ਹੋਇਆ, ਸਭ ਤੋਂ ਵੱਧ ਛੂਤ ਦੀਆਂ ਬੀਮਾਰੀਆਂ ਦਾ ਇਲਾਜ, ਜਿਨਸੀ ਤੌਰ ਤੇ ਫੈਲਣ ਵਾਲੀਆਂ ਬਿਮਾਰੀਆਂ (STIs) ਸਮੇਤ;
- ਅੱਤਿਆਚਾਰ, ਔਰਤਾਂ ਦੇ ਜਣਨ ਅੰਗਾਂ ਵਿਚ ਕੱਟ-ਵੱਢ, ਘਰੇਲੂ ਹਿੰਸਾ ਜਾਂ ਜਿਨਸੀ ਹਿੰਸਾ ਕਰਕੇ ਸਰੀਰਕ ਜਾਂ ਮਾਨਸਿਕ ਹਾਲਤ ਲਈ ਲੋੜੀਂਦਾ ਇਲਾਜ (ਇਹ ਲਾਗੂ ਨਹੀਂ ਹੁੰਦਾ ਜੇਕਰ ਤੁਸੀਂ ਇਸਦਾ ਇਲਾਜ ਕਰਵਾਉਣ ਦੇ ਉਦੇਸ਼ ਨਾਲ UK ਆਏ ਹੋ) ।

ਮਰੀਜ਼ਾਂ ਦੀਆਂ ਕੁਝ ਸ਼੍ਰੇਣੀਆਂ ਭੁਗਤਾਨ ਤੋਂ ਮੁਕਤ ਹਨ, ਜਿਸ ਵਿਚ ਕੁਝ ਕਿਸਮ ਦੀਆਂ ਹਿੰਸਾਵਾਂ ਕਾਰਨ ਹੋਈ ਕੋਈ ਹਾਲਤ (ਅੱਤਿਆਚਾਰ, ਔਰਤਾਂ ਦੇ ਜਣਨ ਅੰਗਾਂ ਵਿੱ ਕੱਟ-ਵੱਢ, ਘਰੇਲੂ ਹਿੰਸਾ, ਜਿਨਸੀ ਹਿੰਸਾ) ਸ਼ਾਮਲ ਹੈ। ਛੋਟਾਂ ਦੀ ਪੂਰੀ ਸੂਚੀ Gov.UK ਦੇ ਪੇਜ https://www.gov.uk/government/publications/guidance-on-overseas-visitors-hospital-charging-regulations/summary-of-changes-made-to-the-way-the-nhs-charges-overseas-visitors-for-nhs-hospital-care ਤੇ ਮੌਜੂਦ ਹੈ

## ਤੁਰੰਤ ਜ਼ਰੂਰੀ ਇਲਾਜ ਅਤੇ ਗਰਭਅਵਸਥਾ ਲਈ ਸੇਵਾਵਾਂ

ਜੇ ਤੁਹਾਡੇ ਲੋੜੀਂਦੇ ਇਲਾਜ ਨੂੰ ਡਾਕਟਰੀ ਕਰਮਚਾਰੀ ਦੁਆਰਾ ਤੁਰੰਤ ਲੋੜੀਂਦਾ ਜਾਂ ਅਤਿ ਜ਼ਰੂਰੀ ਸਮਝਿਆ ਜਾਂਦਾ ਹੈ ਤਾਂ ਇਸ ਨੂੰ ਰੋਕਿਆ ਨਹੀਂ ਜਾਵੇਗਾ ਅਤੇ ਬਿਨ੍ਹਾਂ ਦੇਰ ਕੀਤੇ ਸ਼ੁਰੂ ਕਰ ਦਿੱਤਾ ਜਾਵੇਗਾ, ਹਾਲਾਂਕਿ ਜੇ ਕੋਈ ਛੋਟ ਸ਼੍ਰੇਣੀ ਤੁਹਾਡੇ ਤੇ ਲਾਗੂ ਨਹੀਂ ਹੁੰਦੀ ਹੈ ਤਾਂ ਤੁਹਾਨੂੰ ਇਲਾਜ ਲਈ ਭੁਗਤਾਨ ਕਰਨਾ ਪਵੇਗਾ ਜੇ ਤੁਸੀਂ ਇਲਾਜ ਤੋਂ ਪਹਿਲਾਂ ਭੁਗਤਾਨ ਨਹੀਂ ਕਰਦੇ, ਤਾਂ ਇਲਾਜ ਤੋਂ ਬਾਅਦ ਭੁਗਤਾਨ ਕੀਤਾ ਜਾਵੇਗਾ ਅਤੇ ਤੁਹਾਨੂੰ ਭੁਗਤਾਨ ਕਰਨ ਦੀ ਜ਼ਰੂਰਤ ਪਵੇਗੀ

ਸਾਰੀਆਂ ਗਰਭਅਵਸਥਾ ਸੇਵਾਵਾਂ - ਰੁਟੀਨ ਦੇ ਗਰਭਅਵਸਥਾ ਇਲਾਜ ਸਮੇਤ - ਤੁਰੰਤ ਜ਼ਰੂਰੀ ਸਮਝਿਆ ਜਾਂਦਾ ਹੈ। ਜੇ ਤੁਹਾਨੂੰ ਕਿਸੇ ਗਰਭਅਵਸਥਾ ਸੇਵਾਵਾਂ ਦੀ ਜ਼ਰੂਰਤ ਹੈ ਤਾਂ ਇਹ ਤੁਹਾਨੂੰ ਪ੍ਰਦਾਨ ਕੀਤੀਆਂ ਜਾਣਗੀਆਂ ਹਾਲਾਂਕਿ ਜੇ ਤੁਹਾਡੇ ਤੇ ਛੋਟ ਦੀ ਸ਼੍ਰੇਣੀ ਲਾਗੂ ਨਹੀਂ ਹੈ ਤਾਂ ਤੁਹਾਨੂੰ ਬਾਅਦ ਵਿਚ ਕੋਈ ਬਕਾਇਆ ਖਰਚ ਦਾ ਭੁਗਤਾਨ ਕਰਨ ਦੀ ਲੋੜ ਹੋਵੇਗੀ।

## ਇਲਾਜ ਲਈ ਭੁਗਤਾਨ ਕਰਨਾ

ਜੇ ਤੁਹਾਨੂੰ ਆਪਣੇ ਇਲਾਜ ਦਾ ਭੁਗਤਾਨ ਕਰਨ ਦੀ ਲੋੜ ਪੈਂਦੀ ਹੈ, ਤਾਂ ਤੁਹਾਨੂੰ ਇੱਕ ਬਿੱਲ ਮਿਲੇਗਾ ਅਤੇ ਤੁਹਾਨੂੰ ਹਸਪਤਾਲ ਦੇ ਇਲਾਜ ਦੀ ਪੂਰੀ ਰਕਮ ਦਾ ਭੁਗਤਾਨ ਕਰਨ ਦੀ ਲੋੜ ਪਵੇਗੀ। ਇਹ ਬਿੱਲ ਉਮੀਦ ਕੀਤੇ ਇਲਾਜ ਲਈ ਅੰਦਾਜ਼ੇ ਦੇ ਆਧਾਰ ਤੇ ਹੋਵੇਗਾ। ਹਾਲਾਂਕਿ, ਜੇ ਇਲਾਜ ਦੀ ਅੰਤਿਮ ਲਾਗਤ ਅੰਦਾਜ਼ਨ ਲਾਗਤ ਤੋਂ ਵੱਖ ਹੁੰਦੀ ਹੈ ਤਾਂ ਤੁਹਾਨੂੰ ਜਾਂ ਤਾਂ ਬਕਾਇਆ ਕਿਸੇ ਵੀ ਰਕਮ ਦੀ ਅਦਾਇਗੀ ਕੀਤੀ ਜਾਏਗੀ ਜਾਂ ਇਲਾਜ ਦੇ ਉੱਚ ਮੁੱਲ ਨੂੰ ਕਵਰ ਕਰਨ ਲਈ ਵਾਧੂ ਖਰਚ ਵਸੂਲਿਆ ਜਾਵੇਗਾ।

ਤੁਹਾਨੂੰ ਇਹ ਧਿਆਨ ਦੇਣਾ ਚਾਹੀਦਾ ਹੈ ਕਿ ਜਦੋਂ ਅਦਾਇਗੀ ਤੋਂ ਪਹਿਲਾਂ ਤੁਹਾਨੂੰ NHS ਦੇਖਭਾਲ ਪ੍ਰਦਾਨ ਕੀਤੀ ਗਈ ਹੈ (ਜਿਵੇਂ ਕਿ ਇਹ ਕਿਸੇ ਡਾਕਟਰੀ ਕਰਮਚਾਰੀ ਦੁਆਰਾ ਤੁਰੰਤ ਲੋੜੀਂਦੇ ਜਾਂ ਜ਼ਰੂਰੀ ਹੋਣ ਦਾ ਮੁਲਾਂਕਣ ਕੀਤਾ ਗਿਆ ਸੀ, ਅਤੇ ਇਹ ਭੁਗਤਾਨ ਪਹਿਲਾਂ ਪ੍ਰਾਪਤ ਕਰਨਾ ਉਚਿਤ ਜਾਂ ਸੰਭਵ ਨਹੀਂ ਸੀ) ਤੁਹਾਨੂੰ ਅਜੇ ਵੀ ਬਾਅਦ ਵਿਚ ਭੁਗਤਾਨ ਕਰਨ ਦੀ ਲੋੜ ਹੋਵੇਗੀ।

ਤੁਸੀਂ ਇਲਾਜ ਦਾ ਭੁਗਤਾਨ ਕਰੈਡਿਟ/ਡੈਬਿਟ ਕਾਰਡ, ਬੈਂਕ ਟ੍ਰਾਂਸਫਰ, ਨਕਦ ਜਾਂ ਡਾਇਰੈਕਟ ਡੈਬਿਟ ਦੀ ਵਰਤੋਂ ਨਾਲ ਕਰ ਸਕਦੇ ਹੋ।

## ਇਲਾਜ ਲਈ ਭੁਗਤਾਨ ਨਾ ਕਰਨਾ

ਜੇ ਤੁਸੀਂ ਪ੍ਰਾਪਤ ਕੀਤੇ ਇਲਾਜ ਦੀ ਰਕਮ ਦਾ ਭੁਗਤਾਨ ਕਰਨ ਵਿਚ ਅਸਫ਼ਲ ਹੁੰਦੇ ਹੋ, ਤਾਂ ਇਸਦੇ ਨਤੀਜਤਨ ਤੁਹਾਡੀ ਭਵਿੱਖ ਵਿਚ ਵੀਜ਼ਾ ਦੀ ਬੇਨਤੀ ਨੂੰ ਰੱਦ ਕੀਤਾ ਜਾ ਸਕਦਾ ਹੈ। ਹਮੇਸ਼ਾਂ ਇਹ ਯਕੀਨੀ ਬਣਾਓ ਕਿ ਤੁਹਾਡੇ ਇੱਥੇ ਰਹਿਣ ਦੇ ਦੌਰਾਨ ਸਿਹਤ ਸੰਬੰਧੀ ਅਚਾਨਕ ਲੋੜਾਂ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ ਢੁਕਵਾਂ ਯਾਤਰਾ ਬੀਮਾ ਹੋਵੇ। ਜੇ ਤੁਹਾਨੂੰ ਕਿਸੇ ਰਕਮ ਦਾ ਭੁਗਤਾਨ ਕਰਨ ਵਿਚ ਮੁਸ਼ਕਲ ਆਉਂਦੀ ਹੈ ਤਾਂ ਤੁਹਾਨੂੰ ਹਸਪਤਾਲ ਨਾਲ ਗੱਲ ਕਰਨੀ ਚਾਹੀਦੀ ਹੈ।

Overseas Visitors Manager
Southside
James Paget University Hospital NHS Foundation Trust
Lowestoft Road
Gorleston
Great Yarmouth
Norfolk
NR31 6LA

E mail: overseas.visitors@jpaget.nhs.uk